ਉਮੀਦਵਾਰ ਲਈ ਆਮ ਹਦਾਇਤਾਂ

1.ਉਮੀਦਵਾਰ ਨੂੰ ਪ੍ਰੀਖਿਆ ਕੇਂਦਰ ਤੇ ਸਵੇਰੇ 10.30 ਵਜੇ ਪਹੁੰਚਣ ਦੀ ਹਦਾਇਤ ਕੀਤੀ ਜਾਂਦੀ ਹੈ।

2. ਪ੍ਰੀਖਿਆ ਸ਼ੁਰੂ ਹੋਣ ਤੋਂ 30 ਮਿੰਟ ਬਾਅਦ ਵਿੱਚ ਪਹੁੰਚਣ ਵਾਲੇ ਉਮੀਦਵਾਰ ਨੂੰ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਹੋਵੇਗੀ।

3.ਉਮੀਦਵਾਰ ਦੁਆਰਾ ਦਾਖ਼ਲਾ ਫ਼ਾਰਮ ਵਿੱਚ, ਪ੍ਰੀਖਿਆ ਦਾ ਜੋ ਮਾਧਿਅਮ ਚੁਣਿਆ ਹੈ ,ਉਸ ਨੂੰ ਉਸੇ ਹੀ ਮਾਧਿਅਮ ਵਿੱਚ ਪ੍ਰਸ਼ਨ ਪੱਤਰ ਦਿੱਤਾ ਜਾਵੇਗਾ। ਕਿਸੇ ਵੀ ਸੂਰਤ ਵਿੱਚ ਪ੍ਰਸ਼ਨ ਪੱਤਰ ਦਾ ਮਾਧਿਅਮ ਨਹੀਂ ਬਦਲਿਆ ਜਾਵੇਗਾ।

4. ਉਮੀਦਵਾਰ ਨੂੰ ਉੱਤਰ ਸ਼ੁਰੂ ਕਰਨ ਤੋਂ ਪਹਿਲਾਂ ਇਹ ਨਿਸ਼ਚਿਤ ਕਰ ਲੈਣਾ ਚਾਹੀਦਾ ਹੈ ਕਿ ਪ੍ਰਸ਼ਨ ਪੱਤਰ ਵਿੱਚ 100 ਪ੍ਰਸ਼ਨ,1 ਤੋਂ100 ਨੰਬਰ ਤੱਕ ਲੜੀ ਵਿੱਚ ਹਨ। ਕਿਸੇ ਕਿਸਮ ਦੀ ਕਮੀ ਹੋਣ ਦੀ ਸੂਰਤ ਵਿੱਚ ਉਮੀਦਵਾਰ ਦੁਆਰਾ ਨਿਰੀਖਿਅਕ ਨੂੰ ਪ੍ਰਸ਼ਨ ਪੱਤਰ ਬਦਲਣ ਲਈ ਕਿਹਾ ਜਾਣਾ ਚਾਹੀਦਾ ਹੈ। ਕਿਸੇ ਕਿਸਮ ਦੀ ਕਮੀ ਹੋਣ ਦੀ ਸ਼ਿਕਾਇਤ ਮਿਲਣ ਤੇ ਉਸੇ ਮਾਧਿਅਮ ਦਾ ਪ੍ਰਸ਼ਨ ਪੱਤਰ ਬਦਲ ਕੇ ਦੇ ਦਿੱਤਾ ਜਾਵੇਗਾ।

5. ਉੱਤਰ ਪੱਤ੍ਰਿਕਾ ਵਿਚ ਕੇਵਲ ਨੀਲਾ /ਕਾਲਾ ਬਾਲ ਪੁਆਇੰਟ ਪੈੱਨ ਹੀ ਲਿਖਣ ਲਈ ਵਰਤਿਆ ਜਾਵੇ। ਪੈਂਨਸਿਲ ਦੀ ਵਰਤੋਂ ਦੀ ਸਖ਼ਤ ਮਨਾਹੀ ਹੈ।

6. ਹਰ ਪ੍ਰਸ਼ਨ ਦੇ ਚਾਰ ਵਿਕਲਪ ਹੋਣਗੇ। ਵਿਦਿਆਰਥੀਆਂ ਦੁਆਰਾ ਉੱਤਰ ਪੱਤ੍ਰਿਕਾ ਵਿੱਚ ਪ੍ਰਸ਼ਨ ਨੰਬਰ ਦੇ ਸਾਹਮਣੇ ਦਿੱਤੇ ਗਏ ਖ਼ਾਨੇ ਵਿੱਚ ਚੁਣੇ ਗਏ ਉੱਤਰ ਦਾ ਨੰਬਰ ਲਿਖਿਆ ਜਾਵੇ।

7. ਪ੍ਰਸ਼ਨ ਪੱਤਰ ਦੇ ਨਾਲ ਜੋ ਵੱਖਰੀ OMR/ICR ਸ਼ੀਟ ਦਿੱਤੀ ਜਾਵੇਗੀ ,ਉਸ ਵਿੱਚ ਉੱਤਰ ਚਿੰਨ੍ਹਿਤ ਕੀਤੇ ਜਾਣ। ਪ੍ਰਸ਼ਨ ਪੱਤਰ ਉੱਪਰ ਉੱਤਰ ਲਿਖਣ ਦੀ ਮਨਾਹੀ ਹੈ।

8. ਇੱਕ ਵਾਰ ਲਿਖੇ ਗਏ ਉੱਤਰ ਵਿੱਚ ਕਿਸੇ ਤਰ੍ਹਾਂ ਦੀ ਵੀ ਤਬਦੀਲੀ ਕਰਨ ਦੀ ਮਨਾਹੀ ਹੈ। ਉੱਤਰ ਪੱਤ੍ਰਿਕਾ ਉੱਤੇ ਇੱਕ ਵਾਰ ਲਿਖੇ ਗਏ ਸ਼ਬਦ ਉੱਪਰ ਦੁਆਰਾ ਲਿਖਣ,ਕੱਟਣ ਅਤੇ ਰਬੜ ਵਰਤਣ ਦੀ ਮਨਾਹੀ ਹੈ।

9. ਉੱਤਰ ਪੱਤ੍ਰਿਕਾ ਉੱਪਰ ਸਫ਼ੈਦ ਜਾਂ ਗਲਤੀ ਠੀਕ ਕਰਨ ਲਈ ਤਰਲ ਵਰਤਣ ਦੀ ਮਨਾਹੀ ਹੈ।

10. ਉੱਤਰ ਪੱਤ੍ਰਿਕਾ ਉੱਪਰ ਕਿਸੇ ਕਿਸਮ ਦੀ ਕੋਈ ਨਿਸ਼ਾਨੀ ਲਗਾਉਣ ਦੀ ਮਨਾਹੀ ਹੈ।

11. ਉਮੀਦਵਾਰ ਨੂੰ ਚੋਣ ਪ੍ਰੀਖਿਆ ਵਿੱਚ ਆਰਜੀ ਤੌਰ ਤੇ ਬੈਠਣ ਦੀ ਆਗਿਆ ਹੈ । ਪ੍ਰੰਤੂ ਚੋਣ ਤੋਂ ਬਾਅਦ ਜ.ਨ.ਵਿ. ਵਿੱਚ ਦਾਖਿਲੇ ਉਸ ਨੂੰ ਯੋਗਤਾ ਸਮੇਂ ਦੀਆਂ ਸ਼ਰਤਾਂ ਪੂਰੀਆ ਕਰਨੀਆਂ ਪੈਣਗੀਆਂ। ਉਮੀਦਵਾਰ ਦਾ ਸੰਬੰਧਿਤ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਦਾਖਲਾ, ਨਵੋਦਿਆ ਵਿਦਿਆਲਿਆ ਸੰਮਿਤੀ ਦੇ ਨਿਯਮਾਂ ਅਨੁਸਾਰ ਕੀਤਾ ਜਾਵੇਗਾ।